# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਪੰਜਾਬ

ਪੰਜਵੀਂ ਮੰਜ਼ਿਲ, ਵਿੱਦਿਆ ਭਵਨ, ਈ-ਬਲਾਕ, ਫੇਜ਼-8, ਐਸ.ਏ.ਐਸ.ਨਗਰ। ਫੋਨ: 0172-5212348

ਵੱਲ,

1) ਡੀ.ਪੀ.ਆਈ. (ਸੈ.ਸਿੱ./ਐ.ਸਿੱ)
ਪੰਜਾਬ, ਐਸ.ਏ.ਐਸ. ਨਗਰ।
2) ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ./ਸੈ.ਸਿੱ.),
ਪੰਜਾਬ।
3) ਸਮੂਹ ਸਕੂਲ ਮੁੱਖੀ (ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀ. ਸੈਕੰ ਸਕੂਲ, ਪੰਜਾਬ) (ਵੈਬ-ਸਾਇਟ ਰਾਹੀਂ)

**ਮੀਮੋ ਨੰ: ਸਿਵਲ ਵਰਕਸ/2014/**6049
**ਮਿਤੀ: ਅਜੀਤਗੜ੍ਹ, 13/11/2014**

**ਵਿਸ਼ਾ:-** **ਸਵੱਛ ਭਾਰਤ ਮਿਸ਼ਨ ਅਧੀਨ ਮਿਤੀ 14-19 ਨਵੰਬਰ 2014 ਤੱਕ ਬਾਲ ਸਵੱਛਤਾ ਮਿਸ਼ਨ ਅਰੰਭ ਕਰਨ ਸਬੰਧੀ।**

**ਹਵਾਲਾ:-** **ਪੱਤਰ ਨੰ: ਸਿਵਲ/ਵਰਕਸ/2014/5555 ਮਿਤੀ:-04/11/2014**

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਿਤੀ 14/11/2014 ਤੋਂ 19/11/2014 ਤੋਂ ਬਾਲ ਸਵੱਛਤਾ ਮਿਸ਼ਨ ਸਮੂਹ ਸਕੂਲਾਂ ਵਿੱਚ ਮਨਾਇਆ ਜਾਣਾ ਹੈ ਜਿਸ ਵਿੱਚ ਪਹਿਲਾਂ ਜਾਰੀ ਪੱਤਰ ਵਿੱਚ 6 ਕਿਰਿਆਵਾਂ ਕਰਵਾਉਣ ਦਾ ਉਲੇਖ ਕੀਤਾ ਗਿਆ ਸੀ।

ਇਸ ਮਿਸ਼ਨ ਤਹਿਤ ਸਕੂਲਾਂ ਵਿੱਚ ਮਿਤੀ 14/11/2014 ਤੋਂ 19/11/2014 ਤੱਕ 6 ਦਿਨ ਜੋ ਕਿਰਿਆਵਾਂ ਕਰਵਾਇਆਂ ਜਾਣੀਆਂ ਹਨ ਉਹਨਾਂ ਦੀ ਤਫਸੀਲ ਹੇਠ ਅਨੁਸਾਰ ਹੈ:-

| ਲੜੀ ਨੰ: | ਮਿਤੀ | ਕਿਰਿਆ | ਕੀਤੇ ਜਾਣ ਵਾਲੇ ਕਾਰਜ | ਸਮਾਂ |
|---|---|---|---|---|
| 1 | 14/11/2014 | ਸਕੂਲਾਂ ਅਤੇ ਆਂਗਣਵਾੜੀਆਂ ਦੀ ਸਫਾਈ | ਸਮੂਹ ਵਿਦਿਆਰਥੀਆਂ ਨੂੰ ਸੰਗਠਿਤ ਕਰਕੇ ਬਾਲ ਦਿਵਸ ਮਨਾਉਣਾ ਅਤੇ ਬੱਚਿਆਂ ਨੂੰ ਸਫਾਈ ਸਬੰਧੀ ਜਾਗਰੂਕ ਕਰਨਾ - ਇਸ ਦੌਰਾਨ ਵੈਬ-ਸਾਇਟ ਉੱਤੇ ਅਪਲੋਡ ਕੀਤੀ ਗਈ "Handbook on Swachh Bharat Swachh Vidyala" ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦੇਣਾ। | ਦੁਪਿਹਰ 12 ਵਜੇ ਤੋਂ ਛੁੱਟੀ ਹੋਣ ਤੱਕ। |
| 2 | 15/11/2014 | ਆਲੇ-ਦੁਆਲੇ ਦੀ ਸਫਾਈ | ਖੇਡ ਦਾ ਮੈਦਾਨ, ਅਸੈਂਬਲੀ ਏਰੀਆਂ, ਮੁੱਖ ਗੇਟ ਅਤੇ ਆਲਾ ਦੁਆਲੇ ਦੀ ਸਫਾਈ | ਸਵੇਰ ਦੀ ਸਭਾ ਵਿੱਚ ਜਾਣਕਾਰੀ ਦੇਣਾ ਅਤੇ ਇਸ ਸਬੰਧੀ ਕਾਰਜ ਆਖਰੀ 3 ਪੀਰੀਅਡ ਵਿੱਚ। |

| | | | | |
|---|---|---|---|---|
| 3 | 17/11/2014 | ਸਵੈ-ਸਵੱਛਤਾ | ਨਿੱਜੀ ਸਫਾਈ/ਬਾਲ ਸਿਹਤ ਬਾਰੇ ਜਾਣਕਾਰੀ ਦੇਣਾ ਅਤੇ ਵਿਦਿਆਰਥੀਆਂ ਦੀ ਵਰਦੀ ਅਤੇ ਸਰੀਰਕ ਸਫਾਈ ਚੈੱਕ ਕਰਨਾ ਅਤੇ ਸਵੈ-ਸਵੱਛਤਾ ਸਬੰਧੀ ਬੱਚਿਆਂ ਦੀ ਭਾਸ਼ਣ ਪ੍ਰਤਿਯੋਗਿਤਾ ਕਰਵਾਉਣਾ | ਸਵੇਰ ਦੀ ਸਭਾ ਅਤੇ ਪਹਿਲੇ ਪੀਰਿਅਡ ਵਿੱਚ । |
| 4 | 17/11/2014 | ਸਵੱਛ ਖਾਣਾ | ਬੱਚਿਆਂ ਨੂੰ ਮਿਡ-ਡੇ ਮੀਲ ਖਾਣ ਤੋਂ ਪਹਿਲਾਂ ਹੈਂਡ-ਵਾਸ਼ ਕਰਵਾਉਣੇ ਅਤੇ ਇਸ ਦੀ ਮਹੱਤਤਾ ਬਾਰੇ ਦੱਸਣਾ | ਮੀਡ-ਡੇ ਮੀਲ ਦੇਣ ਸਮੇਂ/ ਅੱਧੀ ਛੁੱਟੀ ਸਮੇਂ। |
| 5 | 18/11/2014 | ਸਵੱਛ ਅਤੇ ਪੀਣਯੋਗ ਪਾਣੀ | ਸਾਫ ਸੁਥਰੇ ਪਾਣੀ ਦੀ ਮਹੱਤਤਾ, ਗੰਦੇ ਪਾਣੀ ਦੀ ਵਰਤੋਂ ਨਾਲ ਹੋਣ ਵਾਲੀਆਂ ਬਾਰੇ ਦੱਸਣਾ ਅਤੇ ਇਹਨਾਂ ਤੋਂ ਬਚਾਅ ਦੇ ਉਪਾਅ ਸਬੰਧੀ ਬੱਚਿਆਂ ਨੂੰ ਜਾਗਰੂਕ ਕਰਨਾ ਅਤੇ ਇਸ ਸਬੰਧੀ ਲੇਖ ਮੁਕਾਬਲੇ ਕਰਾਉਣਾ। | ਸਵੇਰ ਦੀ ਸਭਾ ਅਤੇ ਪਹਿਲੇ 2 ਪੀਰਿਅਡਾਂ ਵਿੱਚ। |
| 6 | 19/11/2014 | ਸਾਫ-ਸੁਥਰੇ ਪਖਾਨੇ | Open Defeacation ਦੇ ਨੁਕਸਾਨਾਂ ਬਾਰੇ ਬੱਚਿਆਂ ਨੂੰ ਜਾਗਰੂਕ ਕਰਨਾ, ਘਰਾਂ ਅਤੇ ਸਕੂਲਾਂ ਵਿੱਚ ਟਾਇਲਟ ਦੀ ਵਰਤੋਂ ਲਈ ਪ੍ਰੇਰਿਤ ਕਰਨਾ। ਸਾਫ ਸੁਥਰੇ ਪਖਾਨੇ ਰਖਣਾ ਅਤੇ ਇਸ ਸਬੰਧੀ ਭੇਜੀ ਗਈ ਸਹੁੰ ਚੁਕਾਉਣਾ। | ਸਵੇਰ ਦੀ ਸਭਾ ਵਿੱਚ। |

ਉਪਰੋਕਤ ਦਰਜ ਕਾਰਜਾਂ ਤੋਂ ਵੱਧ ਮਹੱਤਵਪੂਰਣ ਹੈ ਕਿ ਬੱਚਿਆਂ ਨੂੰ 14 ਨੰਵਬਰ ਬਾਲ ਦਿਵਸ ਵਾਲੇ ਦਿਨ ਹਰ ਸਕੂਲ ਵਿਚ ਸਮਾਰੋਹ ਵਿਚ ਸ਼ਾਮਲ ਕਰਕੇ ਉਨਾਂ ਨੂੰ ਬਾਲ ਅਧਿਕਾਰਾਂ ਵਾਰੇ ਵਿਸਥਾਰ ਵਿਚ ਦੱਸਿਆ ਜਾਵੇ। ਇਸ ਦਿਨ ਪੇਟਿੰਗ, ਭਾਸ਼ਣ ਮੁਕਾਬਲੇ ਅਯੋਜਿਤ ਕਰਨ ਵਾਲੇ ਸਮਾਗਮਾਂ ਦੀ ਪ੍ਰਧਾਨਗੀ ਅਤੇ ਕੁੰਜੀਵਤ ਭਾਸ਼ਨ ਦੀ ਰਸਮ ਵੀ ਬੱਚਿਆਂ ਤੋਂ ਹੀ ਕਰਵਾਈ ਜਾਵੇ ਤਾਂ ਜੋ ਉਨਾਂ ਵਿਚ ਸਵੈ ਵਿਸ਼ਵਾਸ ਦੀ ਭਾਵਨਾਂ ਪੈਦਾ ਹੋ ਸਕੇ।

ਹੋਰ ਵੀ ਜਰੂਰੀ ਹੈ ਸਮੂਹ ਬੱਚਿਆਂ ਨੂੰ ਇਸ ਵਰੇਂ ਨੋਬਲ ਪੁਰਸਕਾਰ ਵਿਜੇਤਾ ਮਲਾਲਾ ਯੂਸਫਜ਼ਈ, 17 ਸਾਲਾ ਪਕਿਸਤਾਨ ਦੀ ਲੜਕੀ ਅਤੇ ਕੈਲਾਸ ਸਤਿਆਰਥੀ, ਸਾਡੇ ਦੇਸ ਵਾਸੀ ਵੱਲੋਂ ਬੱਚਿਆਂ ਦੇ ਹੱਕਾ ਵਾਸਤੇ ਚਲਾਏ ਗਏ ਅੰਦੋਲਨਾਂ ਵਾਰੇ ਦੱਸਿਆ ਜਾਵੇ। ਇਨ੍ਹਾਂ ਦੋਹਾ ਸਖਸ਼ੀਅਤਾਂ ਦੀਆਂ ਤਸਵੀਰਾਂ ਵੀ ਬੱਚਿਆਂ ਦੀ ਜਾਣਕਾਰੀ ਲਈ ਪ੍ਰਦਰਸ਼ਿਤ ਕੀਤੀਆਂ ਜਾਣ।

ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜਿਲ੍ਹੇ ਵਿੱਚ ਸਾਰੇ ਸਕੂਲਾਂ ਵਿੱਚ ਬਾਲ ਸਪਤਾਹ ਮਨਾਏ ਜਾਣ ਸਬੰਧੀ ਮੁਕੰਮਲ ਰਿਪੋਰਟ 20 ਨਵੰਬਰ ਤੱਕ ਹਰ ਹਾਲਤ ਵਿੱਚ ਭੇਜੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ**